# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਬਹਾਦਰਪੁਰ ਵਿਖੇ ਪਾਏ ਜਾ ਰਹੇ ਪ੍ਰੀ-ਮਿਕਸ ਦੀ ਤਿਕਸ਼ਨ ਸੂਦ ਨੇ ਕੀਤੀ ਅਚਨਚੇਤ ਚੈਕਿੰਗ

ਹੁਸ਼ਿਆਰਪੁਰ 21 ਮਈ ਬਹਾਦਰਪੁਰ ਗੇਟ ਤੋਂ ਸਰਕਾਰੀ ਸਕੂਲ (ਗੰਜਾ ਸਕੂਲ) ਤੱਕ ਪ੍ਰੀ-ਮਿਕਸ ਨਾਲ ਬਣ ਰਹੀ ਸੜਕ ਦੀ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਨੇ ਅਚਨਚੇਤ ਚੈਕਿੰਗ ਕੀਤੀ। ਨਗਰ ਨਿਗਮ ਦੇ ਸ਼ਿਵ ਸੂਦ, ਏ.ਐਮ.ਈ ਕੁਲਦੀਪ ਸਿੰਘ, ਜੇ.ਈ ਗੁਰਪ੍ਰੀਤ ਸਿੰਘ, ਕੌਂਸਲਰ ਰਮੇਸ਼ ਠਾਕੁਰ, ਨਿਪੁਨ ਸ਼ਰਮਾ, ਵਿਨੋਦ ਪਰਮਾਰ, ਅਨੰਦਵੀਰ ਸਿੰਘ, ਰਾਮ ਦੇਵ ਯਾਦਵ, ਕ੍ਰਿਸ਼ਨ ਸੈਣੀ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਇਸ ਮੌਕੇ ਤੇ ਉਹਨਾਂ ਨੇ ਸੜਕ ਤੇ ਪਾਏ ਜਾ ਰਹੇ ਪ੍ਰੀ-ਮਿਕਸ ਦੀ ਕੁਆਲਟੀ ਦੀ ਚੈਕਿੰਗ ਕੀਤੀ ਅਤੇ ਸੜਕ ਤੇ ਪ੍ਰੀ-ਮਿਕਸ ਪਾਉਣ ਤੋਂ ਪਹਿਲਾਂ ਕੀਤੀ ਜਾ ਰਹੀ ਸਫਾਈ ਦਾ ਵੀ ਮੁਆਇਨਾ ਕੀਤਾ। ਉਹਨਾਂ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਗਰ ਨਿਗਮ ਦੀਆਂ ਸੜਕਾਂ ਅਤੇ ਗਲੀਆਂ ਬਣਾਉਣ ਲਈ ਪਾਏ ਜਾ ਰਹੇ ਪ੍ਰੀ-ਮਿਕਸ ਦੀ ਉੱਚ ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਹਨਾਂ ਦੱਸਿਆ ਕਿ ਨਗਰ ਨਿਗਮ ਦੇ ਸਾਰੇ ਵਾਰਡਾਂ ਵਿਚ ਗਲੀਆਂ ਦੇ ਨਵ-ਨਿਰਮਾਣ ਦਾ ਕੰਮ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ।